# ਭਾਰਤ: ਵਕਤ ਹੈ ਪੰਜਾਬ ਵਿਚ ਹੋਏ ਜ਼ੁਲਮਾਂ ਦਾ ਇਨਸਾਫ਼ ਕਰਨ ਦਾ

*ਲਾਪਤਾ ਕਰਕੇ ਮਾਰ ਖਪਾਉਣ ਦੇ ਅਤੇ ਕਤਲੇਆਮਾਂ ਦੇ ਜ਼ਿੰਮੇਵਾਰ ਅਫਸਰਾਂ ਦੀ ਜਾਂਚ ਹੋਵੇ ਤੇ ਉਹਨਾਂ ਖਿਲਾਫ ਮੁਕੱਦਮੇ ਦਰਜ ਕੀਤੇ ਜਾਣ।*

(ਨਿਊ ਯਾਰਕ, ਅਕਤੂਬਰ 18, 2007) - ਹਿਊਮਨ ਰਾਈਟਸ ਵਾਚ (ਮਨੁੱਖੀ ਹੱਕਾਂ ਦੀ ਨਿਗਰਾਨ ਸੰਸਥਾ) ਅਤੇ "ਇਨਸਾਫ਼" ਜਥੇਬੰਦੀ (Ensaaf) ਨੇ ਅੱਜ ਜਾਰੀ ਕੀਤੀ ਇਕ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤੀ ਸਰਕਾਰ ਨੂੰ ਉਨਾਂ ਸੁਰੱਖਿਆ ਅਧਿਕਾਰੀਆਂ (ਪੁਲੀਸ ਤੇ ਹੋਰ ਸਰਕਾਰੀ ਕਰਮਚਾਰੀਆਂ) ਖਿਲਾਫ ਠੋਸ ਕਦਮ ਚੁੱਕਣੇ ਚਾਹੀਦੇ ਹਨ ਜਿਨ੍ਹਾਂ ਨੇ ਪੰਜਾਬ ਵਿਚ ਹੋਈ ਬਗਾਵਤ-ਰੋਕੂ ਸਰਕਾਰੀ ਮੁਹਿੰਮ ਦੌਰਾਨ ਹਜ਼ਾਰਾਂ ਲੋਕਾਂ ਨੂੰ ਕਤਲ ਕੀਤਾ, ਲਾਪਤਾ ਕਰਵਾਇਆ ਤੇ ਤਸੀਹੇ ਦਿੱਤੇ।

ਪੰਜਾਬ ਅਤੇ ਬਾਕੀ ਭਾਰਤ ਵਿੱਚ ਸਰਕਾਰੀ ਮੁਲਾਜ਼ਮਾਂ ਖਾਤਰ ਸਜ਼ਾ-ਮੁਕਤੀ ਦੇ ਮਾਹੌਲ ਨੂੰ ਪ੍ਰਫੁੱਲਤ ਕਰਨ ਵਾਲੇ ਸੰਸਥਾਵਕ ਖੋਟਾਂ ਨੂੰ ਠੱਲ੍ਹ ਪਾਉਣ ਵਾਸਤੇ ਸਰਕਾਰ ਨੂੰ ਅਜਿਹੇ ਨਵੇਂ ਕਨੂੰਨੀ ਅਤੇ ਅਮਲੀ ਕਦਮ ਚੁੱਕਣੇ ਚਾਹੀਦੇ ਹਨ, ਜਿਹਨਾਂ ਅਧੀਨ ਜਾਂਚ ਕਮਿਸ਼ਨ ਲਾਗੂ ਹੋਵੇ, ਮੁਕੱਦਮੇ ਕਰਨ ਵਾਲੇ ਖ਼ਾਸ ਸਰਕਾਰੀ ਵਕੀਲ (special prosecutor's office) ਦੀ ਪਦਵੀ ਸਥਾਪਤ ਕੀਤੀ ਜਾਵੇ ਤੇ ਵੱਡੇ ਪੱਧਰ ਤੇ ਰਾਹਤ ਅਤੇ ਮੁਆਵਜ਼ੇ ਦੇ ਪ੍ਰੋਗਰਾਮ ਲਾਗੂ ਕੀਤੇ ਜਾਣ।

"ਪ੍ਰੋਟੈਕਟਿੰਗ ਦਾ ਕਿਲਰਜ਼: ਏ ਪਾਲਿਸੀ ਔਫ ਇਮਪਿਊਨਿਟੀ ਇਨ ਪੰਜਾਬ" (*ਕਾਤਲਾਂ ਨੂੰ ਸ਼ਹਿ: ਪੰਜਾਬ ਵਿੱਚ ਸਜ਼ਾ-ਮੁਕਤੀ ਦੀ ਨੀਤੀ* ), ਦੀ 123- ਸਫ਼ਿਆਂ ਦੀ ਰਿਪੋਰਟ ਵਿਚ ਬਾਰੀਕੀ ਨਾਲ ਉਨ੍ਹਾਂ ਸਭ ਮੁਸ਼ਕਲਾਂ ਨੂੰ ਦਰਸਾਇਆ ਗਿਆ ਹੈ, ਜੋ ਖਾੜਕੂ-ਵਿਰੋਧੀ ਸਰਕਾਰੀ ਮੁਹਿੰਮ ਦੌਰਾਨ ਪੰਜਾਬ ਵਿਚ ਸਰਕਾਰ ਹੱਥੋਂ ਕਤਲ ਅਤੇ ਲਾਪਤਾ ਕੀਤੇ ਪੀੜਤਾਂ ਦੇ ਰਿਸ਼ਤੇਦਾਰਾਂ ਨੇ ਇਨਸਾਫ਼ ਲਈ ਨੱਠ-ਭੱਜ ਕਰਦਿਆਂ ਝੱਲੀਆਂ ਹਨ। ਇਸ ਰਿਪੋਰਟ ਵਿੱਚ ਜ਼ਿੰਮੇਵਾਰ ਅਧਿਕਾਰੀਆਂ ਦੀ ਸਜ਼ਾ-ਮੁਕਤੀ ਦਾ ਖੁੱਲ੍ਹਾ ਚਿਠਾ ਦਿਖਾਉਣ ਦੇ ਨਾਲ-ਨਾਲ ਭਾਰਤ ਦੀਆਂ ਅਦਾਲਤਾਂ ਤੇ ਹੋਰ ਸਰਕਾਰੀ ਸੰਸਥਾਵਾਂ, ਜਿਵੇਂ ਕਿ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ (ਭਾਰਤੀ ਸਰਕਾਰ ਦਾ ਮਨੁੱਖੀ ਅਧਿਕਾਰ ਕਮਿਸ਼ਨ) ਤੇ ਸੀ.ਬੀ.ਆਈ., ਦੀ ਪੀੜਤਾਂ ਨੂੰ ਇਨਸਾਫ਼ ਦੇਣ ਵਿੱਚ ਲਗਭਗ ਮੁਕੰਮਲ ਤੌਰ ਤੇ ਨਾਕਾਮਯਾਬ ਹੋਣ ਦੀ ਗਾਥਾ ਨੂੰ ਵੀ ਚੰਗੀ ਤਰਾਂ ਬਿਆਨ ਕੀਤਾ ਗਿਆ ਹੈ।

1980 ਦਹਾਕੇ ਦੇ ਸ਼ੁਰੂ ਵਿੱਚ, ਪੰਜਾਬ ਵਿੱਚ ਸਿੱਖ ਖਾੜਕੂਆਂ ਨੇ ਮਨੁੱਖੀ ਅਧਿਕਾਰਾਂ ਦੇ ਖਿਲਾਫ, ਸੂਬੇ ਵਿਚ ਘੱਟ ਗਿਣਤੀ ਵਾਲੇ ਹਿੰਦੂਆਂ ਉਤੇ ਹਮਲੇ ਕੀਤੇ, ਭੀੜ ਵਾਲੀ ਥਾਵਾਂ ਉਤੇ ਬੰਬ ਧਮਾਕੇ ਕੀਤੇ ਤੇ ਸਿਵਲ ਨਾਗਰਿਕਾਂ ਦਾ ਕਤਲੇਆਮ ਦੀਆਂ ਵਾਰਦਾਤਾਂ ਕੀਤੀਆਂ। ਇਨ੍ਹਾਂ ਵਾਕਿਆਂ ਦੇ ਜਵਾਬ ਵਿੱਚ, ਭਾਰਤੀ ਸਰਕਾਰ ਦੇ ਸੁਰੱਖਿਆ ਅਧਿਕਾਰੀਆਂ ਨੇ ਪੰਜਾਬ ਵਿਚ, 1984 ਤੋਂ 1995 ਤੱਕ, ਬਗਾਵਤ-ਰੋਕੂ ਮੁਹਿੰਮ ਹੇਠ ਹਜ਼ਾਰਾਂ ਸਿੱਖਾਂ ਉਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਏ ਬੇਹਿਸਾਬਾ ਜ਼ੁਲਮ ਕੀਤੇ। ਅਜੇ ਤੱਕ ਇਨ੍ਹਾਂ ਜ਼ੁਲਮਾਂ ਦੇ ਮੁੱਖ ਜ਼ਿੰਮੇਵਾਰ ਕਰਤਾ-ਧਰਤਾ ਸਰਕਾਰੀ ਅਫਸਰਾਂ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਹਿਊਮਨ ਰਾਈਟਸ ਵਾਚ ਅਦਾਰੇ ਦੇ ਏਸ਼ੀਆ ਖੇਤਰ ਦੇ ਪ੍ਰਧਾਨ ਬ੍ਰੈਡ ਐਡਮਜ਼ ਕਹਿੰਦੇ ਹਨ, "ਭਾਰਤ ਦਾ ਸਜ਼ਾ-ਮੁਕਤੀ ਦਾ ਮਾਹੌਲ, ਪੰਜਾਬ ਵਿੱਚ ਵੱਡੇ ਪੱਧਰ ਤੇ ਫੈਲਿਆ ਹੋਇਆ ਹੈ, ਜਿਸ ਅਧੀਨ ਸੁਰੱਖਿਆ ਅਧਿਕਾਰੀਆਂ ਨੇ ਬੇਹਿਸਾਬ ਜ਼ੁਲਮ ਮਨੁੱਖੀ ਅਧਿਕਾਰਾਂ ਦੇ ਖਿਲਾਫ ਕੀਤੇ ਹਨ।" ਉਨ੍ਹਾਂ ਇਹ ਵੀ ਕਿਹਾ, "ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੈ ਕਿ ਖਾੜਕੂਆਂ ਨੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ, ਪਰ ਸਰਕਾਰ ਨੂੰ ਕਾਨੂੰਨ ਦੇ ਘੇਰੇ ਵਿਚ ਰਹਿ ਕੇ ਹੀ ਕੰਮ ਕਰਨਾ ਚਾਹੀਦਾ ਸੀ, ਨਾ ਕਿ ਗੈਰਕਾਨੂੰਨੀ ਤਰੀਕੇ ਨਾਲ ਵੱਡੇ ਪੱਧਰ ਤੇ ਉਨਾ ਲੋਕਾਂ ਨੂੰ ਮਾਰਨ, ਲਾਪਤਾ ਕਰਨ ਅਤੇ ਤਸੀਹੇ ਦੇਣ ਦੇ ਹੁਕਮ ਦਿੰਦੀ, ਜਿਨ੍ਹਾਂ ਉਤੇ ਖਾੜਕੂ ਸਮਰਥਕ ਹੋਣ ਦਾ ਸ਼ੱਕ ਸੀ।"

ਇਸ ਰਿਪੋਰਟ ਵਿੱਚ ਚੋਰੀ-ਛਿਪੇ ਫੂਕੀਆਂ ਹਜ਼ਾਰਾਂ ਲਾਸ਼ਾਂ ਦੇ ਅਜਿਹੇ ਇਕ ਮੁੱਖ ਅਦਾਲਤੀ ਕੇਸ ਉਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ, ਜਿਸ ਵਿਚ ਸੁਰੱਖਿਆ ਅਧਿਕਾਰੀਆਂ ਵਲੋਂ ਹਜ਼ਾਰਾਂ ਕਤਲ ਕੀਤੇ ਲੋਕਾਂ ਦੇ ਆਪਣੇ ਜੁਰਮਾਂ ਦੇ ਸਬੂਤਾਂ ਨੂੰ ਲੁਕਾਉਣ ਲਈ ਸਮੂਹਿਕ ਸੰਸਕਾਰ ਕਰਨ ਦਾ ਦੋਸ਼ ਹੈ। ਸੁਪਰੀਮ ਕੋਰਟ ਵਲੋਂ ਇਹ ਕੇਸ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਖਾਸ ਸੱਤਾ

ਦਿੰਦਿਆਂ ਸੌਂਪਿਆ ਗਿਆ ਸੀ। ਪਰ, ਇਸ ਕਮਿਸ਼ਨ ਨੇ ਅਪਣੀ ਸਾਰੀ ਕਾਰਵਾਈ ਉਨ੍ਹਾਂ ਲਾਸ਼ਾਂ ਦੀ ਸਿਰਫ ਸ਼ਨਾਖਤ ਕਰਨ ਤੱਕ ਸੀਮਤ ਰੱਖੀ ਹੈ ਜੋ ਕਿ ਪੰਜਾਬ ਦੇ ਕੇਵਲ ਇੱਕ ਜ਼ਿਲ੍ਹੇ ਦੇ ਤਿੰਨ ਸ਼ਮਸ਼ਾਨ ਘਾਟਾਂ ਵਿੱਚ ਚੋਰੀਓਂ ਫੂਕੀਆਂ ਗਈਆਂ। ਕਮਿਸ਼ਨ ਨੇ ਪੰਜਾਬ ਦੇ ਹੋਰ ਬਾਕੀ ਜ਼ਿਲਿਆਂ ਵਿੱਚ ਫੂਕੀਆਂ ਲਾਸ਼ਾਂ ਵੱਲ ਧਿਆਨ ਦੇਣ ਤੋਂ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ੀ ਸੁਰੱਖਿਆ ਅਧਿਕਾਰੀਆਂ ਦੀ ਜਾਂਚ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਇਕ ਦਹਾਕੇ ਤੋ ਵੱਧ ਸਮੇਂ ਵਿਚ ਇਸ ਕਮਿਸ਼ਨ ਨੇ ਕਿਸੇ ਇੱਕ ਵੀ ਲਾਸ਼ ਦੇ ਕੇਸ ਦੀ ਨਿਰਪੱਖ ਜਾਂਚ ਨਹੀਂ ਕੀਤੀ ਹੈ, ਅਤੇ ਗੁਨਾਹਗਾਰ ਅਫਸਰਾਂ ਦੀ ਸ਼ਨਾਖਤ ਕਰਨ ਤੋਂ ਸਾਫ ਨਾਂਹ ਕਰ ਦਿੱਤੀ ਹੈ।

ਬ੍ਰੈਡ ਐਡਮਜ਼ ਕਹਿੰਦੇ ਹਨ, "ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ 'ਚ ਹੋਈ ਬੇਇਨਸਾਫੀਆਂ ਦੀ ਪਰਖ ਤੇ ਜਾਂਚ ਕਰਨ ਦੇ ਅਪਣੇ ਫਰਜ਼ ਨੂੰ ਨਿਭਾਉਣ ਵਿੱਚ ਮੁਕੰਮਲ ਤੌਰ ਤੇ ਨਾਕਾਮਯਾਬ ਹੋਇਆ ਹੈ। ਪਰ ਹਾਲੇ ਵੀ ਸਾਨੂੰ ਉਮੀਦ ਹੈ ਕਿ ਇਹ ਸੰਸਥਾ ਆਪਣੀ ਦਿਸ਼ਾ ਬਦਲ ਕੇ ਪੀੜਤਾਂ ਅਤੇ ਉਨ੍ਹਾ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਏਗੀ।"

ਇਸ ਰਿਪੋਰਟ ਵਿਚ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਸ. ਜਸਵੰਤ ਸਿੰਘ ਖਾਲੜਾ ਦੇ ਕੇਸ ਦੀ ਚਰਚਾ ਕੀਤੀ ਗਈ ਹੈ। ਸ. ਖਾਲੜਾ ਨੂੰ 1995 ਵਿਚ ਪੁਲੀਸ ਕਰਮਚਾਰੀਆਂ ਵਲੋਂ ਅਗਵਾ ਕਰਕੇ ਤੇ ਗੈਰਕਨੂੰਨੀ ਤਰੀਕੇ ਨਾਲ ਦੋ ਮਹੀਨੇ ਹਿਰਾਸਤ ਵਿਚ ਰੱਖ ਕੇ ਕਤਲ ਕਰ ਦਿਤਾ ਸੀ। ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਵਲੋਂ ਖੁਦ ਸ. ਖਾਲੜਾ ਨੂੰ ਉਨਾਂ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਇੰਟੈਰੋਗੇਟ ਕਰਨ ਦੇ ਗਵਾਹਾਂ ਅਤੇ ਠੋਸ ਸਬੂਤਾਂ ਦੇ ਹੁੰਦਿਆਂ ਵੀ ਸੀ.ਬੀ.ਆਈ. ਨੇ ਗਿੱਲ ਖਿਲਾਫ ਕੋਈ ਜਾਂਚ-ਕਾਰਵਾਈ ਨਹੀਂ ਕੀਤੀ। ਸਤੰਬਰ 2006 ਵਿਚ ਸ. ਖਾਲੜਾ ਦੀ ਵਿਧਵਾ ਬੀਬੀ ਪਰਮਜੀਤ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਮੁਕੱਦਮਾ ਕੀਤਾ ਕਿ ਸੀ.ਬੀ.ਆਈ ਗਿੱਲ ਖਿਲਾਫ ਜਾਂਚ ਕਰੇ। ਪਰ, ਇਕ ਸਾਲ ਗੁਜ਼ਰ ਜਾਣ ਦੇ ਬਾਵਜੂਦ ਪਰਮਜੀਤ ਕੌਰ ਅਜੇ ਤਕ ਕਾਰਵਾਈ ਦੀ ਇੰਤਜ਼ਾਰ ਕਰ ਰਹੇ ਹਨ।

"ਇਨਸਾਫ਼" ਜਥੇਬੰਦੀ ਦੀ ਨਿਰਦੇਸ਼ਕ ਜਸਕਰਨ ਕੌਰ ਨੇ ਆਖਿਆ, "ਪੰਜਾਬ ਵਿਚ ਫੂਕੀਆਂ ਲਾਸ਼ਾਂ ਦੇ ਇਸ ਕੇਸ ਵਿੱਚ ਸੁਚੱਜਾ ਨਿਆਂ ਕਰਨ ਨਾਲ ਕਾਨੂੰਨੀ ਮਿਸਾਲ ਕਾਇਮ ਹੋਵੇਗੀ ਜੋ ਕਿ ਸਾਰੇ ਭਾਰਤ ਵਿੱਚ ਵੱਡੀ ਪੱਧਰ ਦੇ ਜੁਰਮਾਂ ਲਈ ਵੱਡੇ ਅਹੁਦੇਦਾਰਾਂ ਨੂੰ ਜੁੰਮੇਵਾਰ ਠਹਿਰਾਉਣ ਦੀ ਰਵਾਇਤ ਸ਼ੁਰੂ ਕਰੇਗੀ।" ਉਹਨਾਂ ਨੇ ਇਹ ਵੀ ਕਿਹਾ, "ਭਾਰਤ ਦੇ ਲੋਕਾਂ ਅਤੇ ਸਾਰੀ ਦੁਨੀਆਂ ਦੀ ਨਜ਼ਰ ਹੁਣ ਦੀ ਸਰਕਾਰ ਉਤੇ ਹੈ ਕਿ ਇਹ ਰਾਜਨੀਤਕ ਹਿੰਮਤ ਨਾਲ ਸਹੀ ਨਿਰਨੇ ਲੈ ਸਕਦੀ ਹੈ ਕਿ ਨਹੀਂ। ਜੇ ਨਹੀਂ, ਤਾਂ ਫਿਰ ਇਹੋ ਹੀ ਸਿੱਟਾ ਨਿਕਲਦਾ ਹੈ ਕਿ ਸਰਕਾਰ ਪੁਲੀਸ ਤੇ ਸੁਰੱਖਿਆ ਢਾਂਚੇ ਨੂੰ ਹੱਥ ਨਹੀਂ ਲਾ ਸਕਦੀ। ਭਾਰਤ ਦੀ ਜਮਹੂਰੀਅਤ ਖਾਤਰ ਇਹ ਇੱਕ ਬਹੁਤ ਖਤਰਨਾਕ ਇਸ਼ਾਰਾ ਹੋਵੇਗਾ।"

ਸਰਕਾਰੀ ਤਸ਼ੱਦਦ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਆਂ ਹਾਸਲ ਕਰਨ ਵਿੱਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਅਦਾਲਤਾਂ ਵਲੋਂ ਕੇਸਾਂ ਨੂੰ ਲਮਕਾਈ ਰੱਖਣਾ, ਪੱਖਪਾਤੀ ਸਰਕਾਰੀ ਵਕੀਲ, ਕਠੋਰ ਦਿਲ ਅਦਾਲਤਾਂ, ਪੁਲੀਸ ਦੀਆਂ ਗਵਾਹਾਂ ਨੂੰ ਧਮਕੀਆਂ ਤੇ ਦਹਿਸ਼ਤ, ਅਤੇ ਸਬੂਤ ਹੋਣ ਬਾਵਜੂਦ ਉੱਚ-ਅਧਿਕਾਰੀਆਂ ਖਿਲਾਫ ਕਾਰਵਾਈ ਨਾ ਹੋ ਸਕਣ ਦੀ ਬੇਵਸੀ।

ਆਪਣੇ ਕਤਲ ਹੋਏ ਪੁੱਤਰ ਕੁਲਵਿੰਦਰ ਸਿੰਘ ਦੇ ਇਨਸਾਫ਼ ਵਾਸਤੇ ਪਿਛਲੇ 18 ਸਾਲਾਂ ਤੋਂ ਦਰ ਦਰ ਦੀਆਂ ਠੋਕਰਾਂ ਖਾਂਦੇ ਪਿਤਾ ਸ. ਤਰਲੋਚਨ ਸਿੰਘ ਕਹਿੰਦੇ ਹਨ:

> "ਮੈਨੂੰ ਫੋਨ ਤੇ ਧਮਕੀਆਂ ਮਿਲਦੀਆਂ ਸੀ। ਫੋਨ ਕਰਨ ਵਾਲੇ ਕਹਿੰਦੇ ਸੀ ਕਿ ਉਨਾਂ ਨੇ ਹਜ਼ਾਰਾਂ ਮੁੰਡਿਆਂ ਨੂੰ ਮਾਰ ਕੇ ਨਹਿਰਾਂ 'ਚ ਸੁੱਟਿਆ ਹੈ, ਅਤੇ ਉਹ ਮੇਰਾ, ਕੁਲਵਿੰਦਰ ਦੀ ਪਤਨੀ ਅਤੇ ਬੱਚਿਆਂ ਦਾ, ਤੇ ਮੇਰੀ ਪਤਨੀ ਨਾਲ ਦਾ ਵੀ ਓਹੀ ਹਸ਼ਰ ਕਰਨਗੇ...

> ਕੇਸ ਤਾਂ ਚੱਲ ਰਿਹਾ ਹੈ... ਬਹੁਤ ਘੱਟ ਗਵਾਹੀਆਂ ਤੇ ਸਬੂਤ ਦਰਜ ਹੋ ਰਹੇ ਹਨ ਸੁਣਵਾਈਆਂ ਵੇਲੇ, ਅਤੇ ਅਗਲੀ ਸੁਣਵਾਈ ਦੀ ਤਰੀਕ ਵੀ ਦੋ ਤਿੰਨ ਮਹੀਨੇ ਦੇ ਅਰਸੇ ਬਾਅਦ ਪਾ ਦਿੰਦੇ ਹਨ। ਏਸੇ ਦੌਰਾਨ ਕਈ ਗਵਾਹ ਮਰ ਚੁੱਕੇ ਹਨ।"

ਜਨਵਰੀ 1995 ਵਿਚ ਆਪਣੇ ਪੁੱਤਰ, ਜੁਗਰਾਜ ਸਿੰਘ ਦੇ ਝੂਠੇ ਪਲਿਸ ਮੁਕਾਬਲੇ ਵਿਚ ਪੁਲੀਸ ਵਲੋਂ ਮਾਰੇ ਜਾਣ ਦੇ ਨਿਆਂ ਲਈ ਪਿਤਾ ਸ. ਮਹਿੰਦਰ ਸ਼ਿੰਘ ਨੇ ਕਈ ਕੁੰਡੇ ਖੜਕਾਏ ਹਨ। ਉਨ੍ਹਾਂ ਨੇ ਅਪਣਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੀ.ਬੀ.ਆਈ. ਦੀ ਖਾਸ ਅਦਾਲਤ ਵਿਚ ਦਰਜ ਕਰਾਇਆ, ਪਰ ਕਿਸੇ ਵੀ ਅਧਿਕਾਰੀ ਉਤੇ ਕੋਈ ਕਾਰਵਾਈ ਨਹੀਂ ਹੋਈ ਹੈ। ਸੀ.ਬੀ.ਆਈ. ਨੇ ਜਾਂਚ ਦਾ ਨਤੀਜਾ ਦਿੱਤਾ ਸੀ ਕਿ ਜੁਗਰਾਜ ਨੂੰ ਮਾਰ ਕੇ ਪੁਲੀਸ ਨੇ ਫੂਕ ਦਿੱਤਾ ਸੀ। ਪਰ, 11 ਸਾਲ ਬਾਦ ਅਤੇ ਥੋੜੀ ਜਿਹੀ ਜਾਂਚ ਬਾਦ ਸੀ.ਬੀ.ਆਈ. ਨੇ ਮਹਿੰਦਰ ਸਿੰਘ ਦੀ ਨਿਆਂ ਲਈ ਜਦੋਜਹਿਦ ਦਾ ਅੰਤ 2006 ਵਿਚ ਕੇਸ ਬਰਖਾਸਤ ਕਰ ਕੇ ਕਰ ਦਿਤਾ। ਮਹਿੰਦਰ ਸਿੰਘ ਸੀ.ਬੀ.ਆਈ. ਬਾਰੇ ਕਹਿੰਦੇ ਹਨ :

> "ਇਕ ਵਾਰ ਸੀ.ਬੀ.ਆਈ. ਦਾ ਇੱਕ ਅਧਿਕਾਰੀ ਮੇਰੇ ਘਰ ਆਇਆ ਸੀ। ਉਸ ਨੇ ਕਿਹਾ ਕਿ ਤੈਨੂੰ ਇਸ ਤੋਂ ਕੁਝ ਨਹੀਂ ਮਿਲਣਾ – ਨਾ ਇਨਸਾਫ ਤੇ ਨਾ ਹੀ ਮੁਆਵਜ਼ਾ। ਉਹ ਕਹਿੰਦਾ 'ਤੈਨੂੰ ਕੇਸ ਲਈ ਨੱਠ-ਭੱਜ ਕਰਦੇ ਨੂੰ ਮੈਂ ਦੇਖਦਾ ਹਾਂ, ਪਰ ਤੈਨੂੰ ਪੁਲੀਸ ਨਾਲ ਪੰਗਾ ਨਹੀਂ ਲੈਣਾ ਚਾਹੀਦਾ, ਤੂੰ ਏਥੇ ਹੀ ਵਸਣਾ ਹੈ ਅਤੇ ਉਹ ਤੈਨੂੰ ਜਦ ਮਰਜ਼ੀ ਚੁੱਕ ਸਕਦੇ ਹਨ।' ਉਹ ਇਕ ਤਰਾਂ ਦੀ ਮੈਨੂੰ ਧਮਕੀ ਦੇ ਰਿਹਾ ਸੀ।"

ਹਿਊਮਨ ਰਾਈਟਸ ਵਾਚ ਅਤੇ "ਇਨਸਾਫ਼" ਦੋਵੇਂ ਅਦਾਰੇ ਫਿਕਰਮੰਦ ਹਨ ਕਿ ਭਾਰਤ ਸਰਕਾਰ ਹਾਲੇ ਵੀ ਪੰਜਾਬ ਦੀ ਬਗਾਵਤ-ਰੋਕੂ ਮੁਹਿੰਮ ਨੂੰ ਦੇਸ਼ ਦੀ ਅਖੰਡਤਾ ਕਾਇਮ ਰੱਖਣ ਖਾਤਰ ਇੱਕ ਚੰਗੀ ਮਿਸਾਲ ਵਜੋਂ ਦਰਸਾਉਣ ਤੇ ਲੱਗੀ ਹੋਈ ਹੈ ।

ਜਸਕਰਨ ਕੌਰ ਦਾ ਕਹਿਣਾ ਹੈ, "ਸੁਰੱਖਿਆ ਦੇ ਨਾਂ ਹੇਠ ਸਰਕਾਰ ਦੀਆਂ ਗੈਰਕਾਨੂੰਨੀ ਅਤੇ ਬੇਰਹਿਮ ਨੀਤੀਆਂ ਨੇ ਦੋਸ਼ੀਆਂ ਦੇ ਲਈ ਸਜ਼ਾ-ਮੁਕਤੀ ਦਾ ਮਾਹੌਲ ਬਣਾ ਕੇ ਸੁਰੱਖਿਆ ਅਧਿਕਾਰੀਆਂ ਅਤੇ ਪੁਲੀਸ ਨੂੰ ਜ਼ਾਲਮ ਬਣਾ ਦਿਤਾ ਹੈ।"

ਇਸ ਰਿਪੋਰਟ ਨੇ ਜ਼ੋਰ ਦਿੱਤਾ ਹੈ ਕਿ ਇਕ ਵੱਡਾ ਸੁਚੱਜਾ ਢਾਂਚਾ ਕਾਇਮ ਕੀਤਾ ਜਾਵੇ ਜਿਸ ਨਾਲ ਦੋਸ਼ੀਆਂ ਦੇ ਲਈ ਸੰਸਥਾਵਕ ਸਜ਼ਾ-ਮੁਕਤੀ ਦੇ ਮਾਹੌਲ ਨੂੰ ਨੱਥ ਪਾਈ ਜਾ ਸਕੇ ਜਿਸ ਦੇ ਕਰ ਕੇ ਬੇਹਿਸਾਬਾ ਜ਼ੁਲਮ ਹੋਏ ਹਨ। ਰਿਪੋਰਟ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਸਰਕਾਰ ਨੂੰ ਐਸੇ ਵਸੀਲੇ ਅਪਣਾਉਣੇ ਚਾਹੀਦੇ ਹਨ, ਜਿਨ੍ਹਾਂ ਅਧੀਨ ਜਾਂਚ ਕਮਿਸ਼ਨ, ਖ਼ਾਸ ਸਰਕਾਰੀ ਵਕੀਲ ਦੀ ਪਦਵੀ ਦੀ ਸਥਾਪਨਾ (special prosecutor's office) ਅਤੇ ਵੱਡੇ ਪੱਧਰ ਤੇ ਰਾਹਤ ਅਤੇ ਮੁਆਵਜ਼ੇ ਦਾ ਪ੍ਰੋਗਰਾਮ ਵਿੱਢਿਆ ਜਾਵੇ।

ਬ੍ਰੈਡ ਐਡਮਜ਼ ਕਹਿੰਦੇ ਨੇ, "ਭਾਰਤੀ ਸਰਕਾਰ ਨੂੰ ਇਹ ਸੁਨੇਹਾ ਪੁਲੀਸ, ਅਦਾਲਤਾਂ ਤੇ ਹੋਰ ਕਰਮਚਾਰੀਆਂ ਨੂੰ ਭੇਜਣਾ ਚਾਹੀਦਾ ਹੈ ਕਿ ਮਨੁੱਖੀ ਹੱਕਾਂ ਦੀ ਉਲੰਘਣਾ ਕਿਸੇ ਵੀ ਹਾਲਤ ਵਿੱਚ ਬਖਸ਼ੀ ਨਹੀਂ ਜਾਵੇਗੀ। ਇਸ ਦੇ ਲਈ ਸਹੀ ਤੇ ਸੁਚੱਜੇ ਢੰਗ ਨਾਲ ਕਾਰਜ ਆਰੰਭਣ ਦੀ ਲੋੜ ਹੈ ਤਾਂ ਜੋ ਪੀੜਤਾਂ ਨੂੰ ਵੱਡੇ ਪੱਧਰ ਤੇ ਇਨਸਾਫ਼ ਮਿਲ ਸਕੇ, ਜਿਨ੍ਹਾਂ ਦੀ ਮੰਗ ਸਿਰਫ ਏਨੀ ਹੈ ਕਿ ਭਾਰਤ ਦੇ ਸੰਵਿਧਾਨ ਤੇ ਅੰਤਰਰਾਸ਼ਟਰੀ ਕਾਨੂੰਨਾਂ ਵਿੱਚ ਗਰੰਟੀਸ਼ੁਦਾ ਹੱਕ ਉਹਨਾਂ ਨੂੰ ਹਾਸਲ ਹੋਵਣ।"

---

**ਪੂਰੀ ਰਿਪੋਰਟ ਹਾਸਲ ਕਰਨ ਦਾ ਅਡਰੈੱਸ:** ***http://hrw.org/reports/2007/india1007***
**ਇਸ ਰਿਪੋਰਟ ਵਿੱਚ ਸ਼ਾਮਲ ਸੱਜਣਾਂ ਦੇ ਇੰਟਰਵਿਊ ਪ੍ਰਸਾਰਨ-ਯੋਗ ਵੀਡੀਓ ਕੁਆਲਟੀ ਵਿੱਚ**
**ਇਸ ਅਡਰੈੱਸ ਤੇ ਹਨ:** ***http://hrw.org/video/2007/india10***